# ਮਾਡਲ ਪ੍ਰਸ਼ਨ-ਪੱਤਰ
**ਜਮਾਤ : ਬਾਰ੍ਹਵੀਂ**
**ਵਿਸ਼ਾ : ਪੰਜਾਬੀ**
**Set – A**

**ਕੋਡ** : 532 **ਸੈਸ਼ਨ** : 2023-24
**ਸਮਾਂ** : **ਤਿੰਨ ਘੰਟੇ** **ਕੁੱਲ ਅੰਕ** : 80
**ਪੇਪਰ** : **ਸਾਲਾਨਾ**

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ: 5**

ਗੁਰੂ ਗੋਬਿੰਦ ਸਿੰਘ ਮਾਨਵਤਾ ਦੇ ਆਸ਼ਕ ਸਨ। ਉਹਨਾਂ ਦਾ ਸੰਘਰਸ਼ ਕਿਸੇ ਜਾਤੀ ਸੰਪ੍ਰਦਾਇ ਵਿਰੁੱਧ ਨਹੀਂ ਸੀ। ਉਹਨਾਂ ਜਿੱਥੇ ਵੀ ਜ਼ੁਲਮ ਦੇਖਿਆ ਉਸ ਨੂੰ ਲਲਕਾਰਿਆ ਤੇ ਉਹਨਾਂ ਦੇ ਸੇਵਕਾਂ ਵਿਚ ਹਰ ਧਰਮ ਨੂੰ ਮੰਨਣ ਵਾਲੇ ਲੋਕ ਸਨ। ਨਬੀ ਖ਼ਾਂ ਤੇ ਗਨੀ ਖ਼ਾਂ, ਛੁੱਟ ਉਹ ਪਠਾਣ ਜਿਸ ਨੇ ਉਹਨਾਂ ਤੇ ਕਾਤਲਾਨਾ ਹਮਲਾ ਕੀਤਾ, ਮੁਸਲਮਾਨ ਸਨ। ਉਹਨਾਂ ਛੋਟੀ ਜਿਹੀ ਉਮਰ ਵਿਚ ਆਪਣੀ ਬਹੁ-ਪੱਖੀ ਪ੍ਰਤਿਭਾ ਨਾਲ ਜੀਵਨ ਨੂੰ ਪ੍ਰਭਾਵਿਤ ਕੀਤਾ। ਉਹ ਸੰਤ ਸਿਪਾਹੀ ਸਨ। ਉਹਨਾਂ ਦਾ ਸਾਹਿਤ ਪ੍ਰੇਮ ਅਦੁੱਤੀ ਸੀ। ਉਹਨਾਂ ਦੇ ਦਰਬਾਰ ਵਿਚ ਕਹਿੰਦੇ ਹਨ ਕਿ ਬਵੰਜਾ ਕਵੀ ਹੁੰਦੇ ਸਨ, ਜਿਨ੍ਹਾਂ ਨੂੰ ਸਾਹਿਤ ਰਚਨਾ ਲਈ ਉਹ ਉੱਤਸਾਹਿਤ ਕਰਦੇ ਸਨ। ਆਪ ਜੀ ਦੇ ਦਰਬਾਰੀ ਕਵੀਆਂ ਦਾ ਰਚਿਆ ਮਣਾ-ਮੂੰਹੀ ਸਾਹਿਤ ਘਲੂਘਾਰਿਆ ਦੀ ਭੇਂਟ ਹੋ ਗਿਆ ਜਾਪਦਾ ਹੈ। ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਵਿਚ 'ਜ਼ਫਰਨਾਮਾ' 'ਜਾਪ ਸਾਹਿਬ', ਅਕਾਲ ਉਸਤਤ', 'ਚੰਡੀ ਚਰਿੱਤਰ', 'ਦਸਮ ਗ੍ਰੰਥ', 'ਚੰਡੀ ਦੀ ਵਾਰ' ਆਦਿ ਬਹੁਤ ਪ੍ਰਸਿੱਧ ਹਨ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ : 5
   (ੳ) ਜਿਹਾ ਕਰੋਗੇ ਤਿਹਾ ਭਰੋਗੇ
   (ਅ) ਲਾਲਚ ਬੁਰੀ ਬਲਾ ਹੈ
   (ੲ) ਏਕਤਾ ਵਿਚ ਬਲ ਹੈ

3. **ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ਇਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ । 5**
   (ੳ) ਸ੍ਰੀ ਗੁਰੂ ਅਰਜਨ ਦੇਵ ਜੀ
   (ਅ) ਸ਼ਾਹ ਮੁਹੰਮਦ

Downloaded from cclchapter.com

(ੲ) ਅਜੀਤ ਕੌਰ

**4. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :** 1x5 = 5

(i) 'ਸੁਖਮਨੀ' ਸਾਹਿਬ ਕਿਸ ਦੀ ਲਿਖੀ ਹੋਈ ਰਚਨਾ ਹੈ?

(ੳ) ਸ੍ਰੀ ਗੁਰੂ ਅਮਰਦਾਸ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ

(ੲ) ਸ੍ਰੀ ਗੁਰੂ ਰਾਮਦਾਸ ਜੀ (ਸ) ਸ੍ਰੀ ਗੁਰੂ ਤੇਗ ਬਹਾਦਰ ਜੀ

(ii) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫ਼ਰੀਦ ਦੇ ਕਿੰਨੇ ਸਲੋਕ ਹਨ?

(ੳ) 118 (ਅ) 121 (ੲ) 112 (ਸ) 162

(iii) ਸ਼ਾਹ ਹੁਸੈਨ ਨੇ ਕਿੰਨੀ ਉਮਰ ਵਿਚ ਕੁਰਾਨ ਜ਼ੁਬਾਨੀ ਯਾਦ ਕਰ ਲਿਆ ਸੀ?

(ੳ) ਦਸ ਸਾਲ (ਅ) ਅੱਠ ਸਾਲ

(ੲ) ਨੌ ਸਾਲ (ਸ) ਬਾਰ੍ਹਾ ਸਾਲ

(iv) ਸ਼ਾਹ ਮੁਹੰਮਦ ਕਿਸ ਰਚਨਾ ਕਰਕੇ ਪ੍ਰਸਿੱਧ ਹੋਇਆ?

(ੳ) ਲੈਲਾ ਮਜਨੂੰ (ਅ) ਸੱਸੀ-ਪੁੱਨੂੰ

(ੲ) ਹੀਰ ਰਾਂਝਾ

(ਸ) ਜੰਗਨਮਾ ਸਿੰਘਾਂ ਤੇ ਫਿਰੰਗੀਆਂ ਦਾ

(v) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁੱਲ ਕਿੰਨੀਆਂ ਉਦਾਸੀਆਂ ਕੀਤੀਆਂ?

(ੳ) ਪੰਜ (ਅ) ਤਿੰਨ (ੲ) ਚਾਰ (ੲ) ਦੋ

**5. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :** 1x5= 5

(i) ਭਾਈ ਵੀਰ ਸਿੰਘ ਦਾ ਜਨਮ ਕਦੋਂ ਹੋਇਆ?

(ੳ) 5 ਨਵੰਬਰ 1872 (ਅ) 15 ਦਸੰਬਰ 1871

(ੲ) 5 ਦਸੰਬਰ 1872 (ਸ) 25 ਦਸੰਬਰ 1870

(ii) ਪ੍ਰੋ. ਪੂਰਨ ਸਿੰਘ ਦਾ ਕਾਵਿ-ਸੰਗ੍ਰਹਿ ਕਿਹੜਾ ਹੈ?

(ੳ) ਪੱਥਰ ਗੀਟੇ (ਅ) ਖੁੱਲ੍ਹੇ-ਮੈਦਾਨ

(ੲ) ਮੇਰੇ ਸਾਈਆਂ ਜੀਉ (ਸ) ਪੱਥਰ ਗੀਏ

(iii) ਪ੍ਰਿੰ. ਤੇਜਾ ਸਿੰਘ ਨੇ ਕਿਹੜੀ ਸਵੈ-ਜੀਵਨੀ ਲਿਖੀ?

(ੳ) ਮੇਰੀ ਜੀਵਨ ਕਹਾਣੀ (ਅ) ਮੇਰੇ ਪੱਤੇ ਮੇਰੀ ਖੇਡ

(ੲ) ਆਰਸੀ (ਸ) ਮੰਜ਼ਲ ਦਿਸ ਪਈ

(iv) ਅੰਮ੍ਰਿਤਾ ਪ੍ਰੀਤਮ ਦਾ ਕਾਵਿ-ਸੰਗ੍ਰਹਿ ਕਿਹੜਾ ਹੈ?

(ੳ) ਖੁੱਲ੍ਹੇ-ਮੈਦਾਨ (ਅ) ਜ਼ੈਮੀਰ

(ੲ) ਲਹਿਰ-ਹੁਲਾਰੇ (ਸ) ਅਸੋਕਾ ਚੇਤੀ

(v) 'ਸੰਤ' ਕਵੀ ਕਿਸ ਨੂੰ ਕਿਹਾ ਜਾਂਦਾ ਹੈ?

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

Downloaded from cclchapter.com

(ੲ) ਪ੍ਰੋ. ਸਾਹਿਬ ਸਿੰਘ (ਸ) ਪ੍ਰੋ. ਮੋਹਨ ਸਿੰਘ

**6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:**

(i) ਸ੍ਰੀ ਗੁਰੂ ਨਾਨਕ ਦੇਵ ਨੇ ਕਿੰਨੇ ਰਾਗਾਂ ਵਿਚ ਬਾਣੀ ਰਚੀ? 1

(ii) ਗੁਰੂ ਅਰਜਨ ਦੇਵ ਜੀ ਦੇ ਗੁਰੂ ਪਿਤਾ ਕੌਣ ਹਨ? 1

(iii) ਸ਼ਾਹ ਹੁਸੈਨ ਦੀਆਂ ਕਿੰਨੀਆਂ ਕਾਫੀਆਂ ਮਿਲਦੀਆਂ ਹਨ? 1

(iv) ਬੁੱਲ੍ਹੇ ਸ਼ਾਹ ਦੇ ਗੁਰੂ ਕੌਣ ਸਨ? 1

(v) ਪੰਜਾਬੀ ਵਿਚ ਸਭ ਤੋਂ ਪਹਿਲਾ 'ਹੀਰ ਰਾਂਝੇ' ਦਾ ਕਿੱਸਾ ਕਿਸ ਨੇ ਲਿਖਿਆ? 1

**ਭਾਗ - ਅ**

**7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿਚ ਦਿਓ :** 1x3 = 3

(i) 'ਟੁਕੜੀ ਜਗ ਤੋਂ ਨਯਾਰੀ' ਕਿਸ ਅੰਦਾਜ਼ ਵਿਚ ਲਿਖੀ ਗਈ ਹੈ?

(ii) 'ਉਧੋ' ਕੌਣ ਸੀ?

(iii) ਧਰਤੀ ਦਾ ਬੋਝ ਕੌਣ ਸਹਿੰਦੀ ਹੈ?

**8. ਹੇਠ ਲਿਖਿਆਂ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ:** 1x3 = 3

(i) ਦੂਜੇ ਨਾਟ ਦਾ ਆਰੰਭ ਕਿੰਨਾ ਦੇ ਝਗੜੇ ਨਾਲ ਹੁੰਦਾ ਹੈ?

(ੳ) ਸੱਸ-ਨੂੰਹ ਦੇ ਝਗੜੇ ਨਾਲ

(ਅ) ਦੀਨ ਦਿਆਲ ਕਪੂਰ ਦਾ ਆਪਣੀ ਪਤਨੀ ਨਾਲ

(ੲ) ਸੋਭਾ ਦੇ ਆਪਦੇ ਪਤੀ ਰਮੇਸ਼ ਨਾਲ

(ਸ) ਸੋਭਾ ਦਾ ਕੰਵਲ ਨੈਣ ਦੇ ਨਾਲ

(ii) ਰਮੇਸ਼ ਕੀ ਕੰਮ ਕਰਦਾ ਹੈ?

(ੳ) ਵਕਾਲਤ (ਅ) ਮਜ਼ਦੂਰੀ

(ੲ) ਅਧਿਆਪਕ (ਸ) ਜੱਜ

(iii) ਦੂਜਾ ਨਾਟ ਕਿਸ ਰੁੱਤ ਵਿਚ ਵਾਪਰਦਾ ਹੈ?

(ੳ) ਸਿਆਲ (ਅ) ਗਰਮੀ

(ੲ) ਪਤਝੜ (ਸ) ਬਹਾਰ

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿਚ ਲਿਖੋ:** 1x3 = 3

(i) ਲਿਫ਼ਾਫੇ ਵਿਚ ਕਿੰਨੀ ਰਕਮ ਸੀ?

(ii) ਬਾਬੇ ਵਰਿਆਮੇ ਦੀ ਪਤਨੀ ਦਾ ਕੀ ਨਾਂ ਸੀ?

(iii) ਭਾਈ ਲਾਲੋ ਤਰਖਾਣ ਕਿੱਥੇ ਰਹਿੰਦਾ ਸੀ?

Downloaded from cclchapter.com

**10. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ:** 2x2 = 4

(i) ਕਸ਼ਮੀਰ ਦੀ ਧਰਤੀ ਦੀ ਸੁੰਦਰਤਾ ਕਿਹੋ ਜਿਹੀ ਹੈ?

(ii) 'ਦਾਗ਼' ਕਿਸ ਨੂੰ ਕਿਹਾ ਗਿਆ ਹੈ?

(iii) 'ਲੂਣਾ' ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ?

**11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :** 2x2 = 4

(i) 'ਸੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦਾ ਕੀ ਵਿਸ਼ਾ ਹੈ?

ਜਾਂ

'ਸੋਭਾ ਸ਼ਕਤੀ' ਨਾਟਕ ਦੇ ਪਹਿਲੇ ਨਾਟ ਦਾ ਕੀ ਵਿਸ਼ਾ ਹੈ?

(ii) 'ਸੋਭਾ-ਸ਼ਕਤੀ' ਨਾਟਕ ਦੇ ਪਾਤਰਾਂ ਦੇ ਨਾਂ ਲਿਖੋ ।

ਜਾਂ

ਸੋਭਾ ਸ਼ਕਤੀ ਨਾਟਕ ਵਿਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ?

**12. ਹੇਠ ਲਿਖੇ ਪ੍ਰਸ਼ਨਾਂ ਵਿੱਚ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:** 2x2 = 4

(i) ਬ੍ਰਾਹਮਣਾਂ ਨੇ ਮਲਕ ਭਾਗੋ ਨੂੰ ਗੁਰੂ ਜੀ ਵਿਰੁੱਧ ਕੀ ਕਿਹਾ?

(ii) ਵੈਦਰ ਕਰਾਫ਼ਟ ਅਨੁਸਾਰ ਕਤਲ ਦੇ ਦੋਸ਼ੀ ਨੂੰ ਫਾਂਸੀ ਦੇਣ ਲਈ ਕਿਹੜਾ ਆਧਾਰ ਠੀਕ ਨਹੀਂ ਸੀ?

(iii) ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਕਿਸ ਤਰ੍ਹਾਂ ਸੇਵਾ ਕਰਦੇ ਸਨ?

**13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ : 3**

ਕਾਲੇ ਭੌਰ ਦਾ ਸੁਭਾ ਕਿਹੋ ਜਿਹਾ ਹੁੰਦਾ ਹੈ? ਰਾਧਾ ਕ੍ਰਿਸ਼ਨ ਦੇ ਸੁਭਾ ਨੂੰ ਕਾਲੇ ਭੌਰ ਵਰਗਾ ਕਿਉਂ ਕਹਿੰਦੀ ਹੈ?

ਜਾਂ

'ਹਵਾ ਦਾ ਜੀਵਨ' ਕਵਿਤਾ ਦਾ ਕੇਂਦਰੀ (ਅੰਤ੍ਰੀਵ) ਭਾਵ ਲਿਖੋ।

**14. ਹੇਠ ਲਿਖੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ । 3**

'ਸੋਭਾ-ਸ਼ਕਤੀ' ਨਾਟਕ ਦਾ ਉਦੇਸ਼ ਕੀ ਹੈ?

ਜਾਂ

'ਸੋਭਾ ਸ਼ਕਤੀ' ਨਾਟਕ ਦੇ ਨਾਇਕ ਦਾ ਪਾਤਰ ਚਿਤਰਨ ਕਰੋ ।

**15. ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ : 3**

(i) 'ਸ਼ੀਸ਼ੇ ਸਾਹਮਣੇ' ਲੇਖ ਦਾ ਸੰਖੇਪ-ਸਾਰ ਲਿਖੋ ।

(ii) ਠਾਣੇਦਾਰੀ ਕਹਾਣੀ ਦੀ ਆਲੋਚਨਾਤਮਕ ਵਿਆਖਿਆ ਕਰੋ ।

Downloaded from cclchapter.com

16. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ** : **5**

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਉਹ ਕਰ ਅਰਾਮ ਨਹੀਂ ਬਹਿੰਦੇ ।
ਨਿਹੁੰ ਵਾਲੇ ਨੈਣਾ ਕੀ ਨੀਂਦਰ?
ਉਹ ਦਿਨੇ ਰਾਤ ਪਏ ਵਹਿੰਦੇ ।
ਇਕੋ ਲਗਨ ਲਗੀ ਲਈ ਜਾਂਦੀ,
ਹੈ ਟੋਰ ਅੰਨ੍ਰਤ ਉਹਨਾਂ ਦੀ ।
ਵਸਲੋਂ ਉਰੇ ਮੁਕਾਮ ਨਾ ਕੋਈ,
ਸੋ ਚਾਲ ਪਏ ਨਿੱਤ ਕਹਿੰਦੇ

ਜਾਂ

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਏਗਾ ।
ਐਥੇਂ ਹੀ ਕਿਤੇ ਉਰੇ ਪਰੇ ਬੰਨਿਆ ਤੇ ਘਾਹ ਖੋਤੇਗਾ ।
ਰੁੱਖੀਆ ਮਿੱਸੀਆਂ ਰੋਟੀਆਂ ਢੋਇਆ ਕਰੇਗਾ।
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ।

17. **ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ** : **5**
(ੳ) ਕੰਬਦੀ ਕਲਾਈ
(ਅ) ਬਿਰਹੋ ਦੀ ਰੜਕ
(ੲ) ਖਤਾਂ ਦੀ ਉਡੀਕ

18. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ** : **5**
(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਪਹਿਲੇ ਅੰਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।
(ਅ) 'ਸ਼ੋਭਾ-ਸ਼ਕਤੀ' ਨਾਟਕ ਦੇ ਸਤੀਸ਼ ਦਾ ਚਰਿੱਤਰ ਚਿਤਰਣ ਕਰੋ।

19. **ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇਕ ਲੇਖ ਦਾ ਸਾਰ 40-50 ਸ਼ਬਦਾਂ ਵਿੱਚ ਲਿਖੋ** : **5**
(ੳ) ਮਲਕ ਭਾਗੋ ਤੇ ਭਾਈ ਲਾਲੋ
(ਅ) ਸਾਡੇ ਲੋਕ-ਗੀਤ
(ੲ) ਸ਼ੀਸ਼ੇ-ਸਾਹਮਣੇ

✡ ✡ ✡ ✡ ✡ ✡

Downloaded from cclchapter.com